# ਜਦੋਂ ਅਕਾਲੀ ਕੈਦੀਆਂ ਨੂੰ ਕੋਹੜੇ ਮਾਰੇ ਗਏ

ਮਲਵਿੰਦਰ ਜੀਤ ਸਿੰਘ ਵੜੈਚ*

ਗੱਲ ਅਕਤੂਬਰ 1922 ਦੀ ਹੈ ਜਦੋਂ ਗੁਰੂ ਕਾ ਬਾਗ (ਜ਼ਿਲ੍ਹਾ ਅੰਮ੍ਰਿਤਸਰ) ਵਿਖੇ ਸਰਕਾਰੀ ਧੱਕੇਸ਼ਾਹੀ ਵਿਰੁੱਧ ਅਕਾਲੀ ਮੋਰਚਾ ਲੱਗਿਆ ਸੀ। ਉਸ ਵਕਤ ਸੱਤਿਆਗ੍ਰਹੀਆਂ ਨੂੰ ਢਾਹ ਕੇ ਡਾਗਾਂ ਨਾਲ ਕੁੱਟਿਆ ਜਾਂਦਾ ਸੀ ਅਤੇ ਉਹ ਅੱਗੋਂ ਸਿਰਫ 'ਸਤਿਨਾਮ ਵਾਹਿਗਰੂ' ਹੀ ਉਚਾਰਦੇ ਰਹਿੰਦੇ ਸਨ। ਪੁਲਿਸ ਅਫਸਰ ਬੀ.ਟੀ. ਜੋ ਇਸ ਜ਼ਬਰ ਦਾ ਮੁੱਖੀ ਸੀ, ਨੂੰ ਬੱਬਰਾਂ ਨੇ ਉਸ ਦੇ ਕੁਕਰਮਾਂ ਦੀ ਸਜ਼ਾ ਦਿੱਤੀ ਸੀ। ਇਹ ਮੋਰਚਾ 14 ਸਤੰਬਰ 1921 ਤੋਂ ਸ਼ੁਰੂ ਹੋ ਕੇ 17 ਨਵੰਬਰ 1922 ਤੱਕ ਚੱਲਿਆ। ਇਸੇ ਮੋਰਚੇ ਦੌਰਾਨ ਪੰਜਾ ਸਾਹਿਬ ਦੇ (ਹਸਨ ਅਬਦਾਲ) ਰੇਲਵੇ ਸਟੇਸ਼ਨ 'ਤੇ ਪੰਜ ਪਰਵਾਨੇ ਸਤਿਆਗ੍ਰਹੀਆਂ ਨੂੰ ਅੱਟਕ ਲਿਜਾ ਰਹੀ ਗੱਡੀ ਅੱਗੇ ਲੇਟ ਗਏ ਜਿਨ੍ਹਾਂ ਵਿੱਚੋਂ ਦੋ ਸਰਦਾਰ, ਪ੍ਰਤਾਪ ਸਿੰਘ ਤੇ ਕਰਮ ਸਿੰਘ ਮੌਕੇ ਤੇ ਸ਼ਹੀਦ ਹੋ ਗਏ ਅਤੇ ਬਾਕੀ ਬੁਰੀ ਤਰ੍ਹਾਂ ਫੱਟੜ ਹੋ ਗਏ ਸਨ। ਹਥਲੀ ਘਟਨਾ ਵੀ ਉਸੇ ਅਟਕ ਜੇਲ੍ਹ ਦੀ ਹੈ ਜੋ ਪੰਜਾ ਸਾਹਿਬ ਦੇ ਖ਼ੂਨੀ ਸਾਕੇ ਤੋਂ ਕੁਝ ਕੁ ਦਿਨ ਪਹਿਲਾਂ ਵਾਪਰੀ। ਇਹ ਬ੍ਰਿਤਾਂਤ ਕੌਮੀ ਪੁਰਾਲੇਖ ਵਿਭਾਗ (ਨੈਸ਼ਨਲ ਆਰ ਕਾਈਵਜ਼) ਵਿੱਚ ਮੌਜੂਦ ਸਰਕਾਰੀ ਰਿਕਾਰਡ 'ਤੇ ਅਧਾਰਿਤ ਹੈ। ਮੂਲ ਰਿਪੋਰਟ ਅੰਗਰੇਜ਼ੀ ਵਿੱਚ ਹੈ। ਇੱਥੇ ਉਸ ਦਾ ਪੰਜਾਬੀ ਰੂਪਾਂਤਰ ਪੇਸ਼ ਕੀਤਾ ਜਾ ਰਿਹਾ ਹੈ।

ਇਹ ਵਾਕਿਆ 21.10.1922 ਦਾ ਹੈ। ਇਸ ਬਾਰੇ ਮਿਸਲ ਮੂਲ ਰੂਪ ਵਿੱਚ ਅੱਟਕ ਦੇ ਡਿਪਟੀ ਕਮਿਸ਼ਨਰ ਵੱਲੋਂ ਪੰਜਾਬ ਦੇ ਗਵਰਨਰ ਨੂੰ ਭੇਜੀ ਗਈ ਰਿਪੋਰਟ ਅਤੇ ਫਿਰ ਪੰਜਾਬ ਸਰਕਾਰ ਵੱਲੋਂ ਦਿੱਲੀ ਸਰਕਾਰ ਨਾਲ ਹੋਏ ਚਿੱਠੀ ਪੱਤਰਾਂ ਉੱਤੇ ਆਧਾਰਿਤ ਹੈ। ਪਹਿਲਾ ਪੈਰ੍ਹਾ ਹੀ ਅੱਖਾਂ ਖੋਲ੍ਹਣ ਵਾਲਾ ਹੈ ਜਿਸ ਵਿੱਚੋਂ ਡੀ.ਸੀ. ਆਪਣੀ 22.10.1922 ਵਾਲੀ ਰਿਪੋਰਟ ਵਿੱਚ ਪਿਛਲੇ ਦਿਨ ਵਾਪਰੇ ਕਾਂਡ ਨੂੰ "ਫਸਾਦ" ਕਹਿੰਦਾ ਹੈ। ਬਿਰਤਾਂਤ ਦਾ ਸਾਰ ਰਿਪੋਰਟ ਅਨੁਸਾਰ ਕੁਝ ਇਸ ਤਰ੍ਹਾਂ ਹੈ:

> 700 ਅਕਾਲੀ ਕੈਦੀ ਪਿਛਲੇ ਹਫਤੇ ਆਏ ਸਨ ਅਤੇ 200 ਕੈਦੀ 22.10.1922 ਨੂੰ ਆਏ। ਨਵੇਂ ਕੈਦੀਆਂ ਦੇ ਆਉਣ 'ਤੇ ਪੁਰਾਣੇ ਕੈਦੀਆਂ ਨੇ ਆਪਣਾ ਅਕਾਲੀਪੁਣਾ ਵਿਖਾਉਣਾ ਸ਼ੁਰੂ ਕਰ ਦਿੱਤਾ ਸੀ। ਜਦੋਂ ਵੇਖੋ ਗਾਉਂਦੇ ਤੇ ਟਾਹਰਾਂ ਮਾਰਦੇ, ਖਾਸ ਕਰਕੇ ਸਵੇਰੇ ਤੇ ਸ਼ਾਮੀ। ਮੁੱਕਦੀ ਗੱਲ ਇਨ੍ਹਾਂ ਸਾਰਿਆਂ ਦਾ ਵਤੀਰਾ ਜੇਲ੍ਹ ਸਟਾਫ ਦੀ ਪ੍ਰਵਾਹ ਨਾ ਕਰਨ ਵਾਲਾ ਅਤੇ ਜੇਲ੍ਹ ਜ਼ਾਬਤੇ ਦੀਆਂ ਧੱਜੀਆਂ ਉਡਾਉਣ ਵਾਲਾ ਸੀ। ਸੱਚਾਈ ਤਾਂ ਇਹ ਹੈ ਕਿ ਇਨ੍ਹਾਂ ਗੜਬੜ ਕਰਨ ਵਾਲਿਆਂ ਵਿੱਚ ਕੁਝ ਭੁੱਲ-ਭੁਲੇਖੇ ਵੀ ਸ਼ਾਮਲ ਹੋਏ ਹੋਣਗੇ। ਉਂਜ 900 ਕੈਦੀਆਂ ਨੂੰ ਇਕੋ ਸਮੇਂ ਸਜ਼ਾ ਦੇਣਾ ਮੁਸ਼ਕਿਲ ਤੇ ਮੂਰਖਾਨਾ ਕਦਮ ਹੋਵੇਗਾ।

ਸੋ, ਜੇਲ੍ਹ ਸਟਾਫ ਦੇ ਦਲੀਲ ਤੇ ਧਮਕੀਆਂ — ਦੋਹਾਂ ਦੀ ਵਰਤੋਂ ਕਰਦਿਆਂ ਇਨ੍ਹਾਂ ਨੂੰ ਜ਼ਾਬਤੇ ਅੰਦਰ ਲਿਆਉਣ ਦੀ ਭਰਪੂਰ ਕੋਸ਼ਿਸ਼ ਕੀਤੀ। ਅਸਲ ਮੁੱਦਾ ਤਾਂ ਸ਼ਰਾਰਤੀ ਅਨਸਰਾਂ ਨੂੰ ਅਣਭੋਲ ਵਿਅਕਤੀਆਂ ਤੋਂ ਅਲੱਗ ਕਰਕੇ, ਪਹਿਲਿਆਂ ਨੂੰ ਡੰਡੇ ਰਾਹੀਂ ਅਤੇ ਬਾਕੀਆਂ ਨੂੰ ਦਲੀਲ ਰਾਹੀਂ ਸਿੱਧੇ ਰਾਹ 'ਤੇ ਲਿਆਉਣ ਦਾ ਸੀ। ਇਸ ਨੀਤੀ ਦਾ ਅਸਰ ਠੀਕ ਹੀ ਰਿਹਾ। ਜਦੋਂ ਮੈਂ (ਡੀ.ਸੀ.) 16.10.1922 ਨੂੰ ਜੇਲ੍ਹ ਦਾ ਮੁਆਇਆ ਕੀਤਾ ਤਾਂ ਹਾਲਾਤ ਕਾਬੂ ਹੇਠਾਂ ਹੀ ਸਨ ਭਾਵੇਂ ਕਿ ਜੇਲ੍ਹਰ ਨੂੰ ਉਸ ਮੌਕੇ ਵੀ ਕਾਫ਼ੀ ਮੁਸ਼ਕਿਲਾਂ ਪੇਸ਼ ਆ ਰਹੀਆਂ ਸਨ। ਜ਼ਿਕਰਯੋਗ ਇਹ ਹੈ ਕਿ ਮੇਰੇ ਪਾਸ ਉਸ ਦਿਨ ਕੈਦੀਆਂ ਨੇ ਕਿਸੇ ਵੀ ਤਰ੍ਹਾਂ ਦੇ ਜੇਲ੍ਹ ਅਮਲੇ ਦੇ ਮੰਦੇ ਸਲੂਕ ਬਾਰੇ ਸ਼ਿਕਾਇਤ ਨਹੀਂ ਕੀਤੀ। ਪਰ ਇੰਜ ਲੱਗਦਾ ਹੈ ਕਿ ਇਹ ਸਭ ਕੁਝ ਸਿਰਫ ਜਾਹਰਾ ਤੌਰ 'ਤੇ ਹੀ ਲੱਗ ਰਿਹਾ ਸੀ। ਜਦੋਂ ਮੈਂ ਆਪਣੇ (ਤਿੰਨ-ਚਾਰ ਦਿਨਾਂ) ਦੌਰੇ ਪਿੱਛੋਂ ਅੱਟਕ ਪਰਤਿਆ ਤਾਂ ਨੋਟ ਕੀਤਾ ਕਿ ਜੇਲ੍ਹ ਸੁਪਰਡੈਂਟ ਸਵੇਰੇ-ਸ਼ਾਮ ਦੇ ਗਾਇਨ ਤੇ ਨਾਅਰੇਬਾਜ਼ੀ ਨੂੰ ਦਬਾਉਣ ਵਿੱਚ ਕਾਮਯਾਬ ਨਹੀਂ ਸੀ ਹੋ ਰਿਹਾ। ਇਹ ਗਾਇਨ ਤੇ ਸ਼ੋਰ-ਸਰਾਬਾ, ਮੇਰੀ ਜਾਂਚੇ ਕਿਸੇ ਧਾਰਮਿਕ ਗਾਇਨ ਨਹੀਂ ਜਾਂ ਧਾਰਮਿਕ ਸੰਸਕਾਰ ਵਜੋਂ ਸਵੀਕਾਰਿਆ ਜਾਣਾ ਵਾਲਾ ਬਿਲਕੁਲ

* Email: mjswaraich29@gmail.com; Ph: 0172-2556314, Facebook: Prof. Malwinder Jit Singh Waraich

ਨਹੀਂ ਸੀ। ਰੌਲਾ ਇੰਨਾ ਉੱਚਾ ਹੁੰਦਾ ਕਿ ਇੱਕ ਮੀਲ ਦੀ ਦੂਰੀ ਤੋਂ ਵੀ ਸੁਣਿਆ ਜਾ ਸਕਦਾ ਸੀ।

ਪਿਛਲਾ ਸੁਪਰਡੈਂਟ ਡਾਕਟਰ ਘੋਸ਼ ਸੀ। ਉਸ ਨੇ ਧਾਰਮਿਕ ਰਹੁਰੀਤੀ ਸਮਝਦਿਆਂ ਦਖਲ ਨਾ ਦਿੱਤਾ ਅਤੇ ਸੋਚਿਆ ਕਿ ਆਪੇ ਹੌਲੀ-ਹੌਲੀ ਟਿਕ ਜਾਣਗੇ। ਉਸ ਨੇ ਮੇਰੇ ਖਿਆਲ ਮੁਤਾਬਿਕ ਠੀਕ ਹੀ ਸੋਚਿਆ। ਇੰਨੇ ਵੱਡੇ ਹਜ਼ੂਮ ਕੋਲੋਂ ਪੂਰਨ ਜਾਬਤੇ ਦੀ ਆਸ ਰੱਖਣਾ ਠੀਕ ਨਹੀਂ ਸੀ, ਖਾਸ ਕਰਕੇ ਉਦੋਂ ਜਦੋਂ ਇਨ੍ਹਾਂ ਵਿੱਚ 'ਵੱਡੀ' ਗਿਣਤੀ ਬਦਮਾਸ਼ਾਂ ਦੀ ਹੋਵੇ। ਕੁਝ ਦਿਨਾਂ ਪਿੱਛੋਂ ਮੇਜਰ ਪੁਰੀ ਨੇ ਚਾਰਜ ਲੈ ਲਿਆ। ਘਟਨਾ ਵਾਲੇ ਦਿਨ (21.10.1922) ਨੂੰ ਇੱਕ ਦਿਨ ਲਈ ਉਨ੍ਹਾਂ ਨੂੰ ਰਾਵਲਪਿੰਡੀ ਜਾਣਾ ਪੈ ਗਿਆ। ਦੁਪਹਿਰ ਬਾਅਦ ਜਦੋਂ ਜੇਲ੍ਹਰ ਇੱਕ ਕੰਪਾਰਟਮੈਂਟ ਦੇ ਕੈਦੀਆਂ ਕੋਲੋਂ ਲੰਘਿਆ ਤਾਂ ਕੈਦੀਆਂ ਨੇ ਉੱਚੀ-ਉੱਚੀ ਗਾਉਣਾ ਤੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਜ਼ਿਕਰਯੋਗ ਹੈ ਕਿ ਜੇਲ੍ਹ ਵਿੱਚ ਕਮਰਿਆਂ ਦੀ ਘਾਟ ਕਾਰਨ ਇਨ੍ਹਾਂ ਕੈਦੀਆਂ ਲਈ ਤੰਬੂ ਲਾਏ ਗਏ ਸਨ ਜਿਨ੍ਹਾਂ ਦੁਆਲੇ ਕੰਡੇਦਾਰ ਤਾਰ ਲੱਗੀ ਹੋਈ ਸੀ। ਅਜਿਹੇ ਇੱਕ ਅਹਾਤੇ ਵਿੱਚ 50 ਤੋਂ 200 ਤੱਕ ਕੈਦੀ ਰੱਖੇ ਹੋਏ ਸਨ। ਕੈਦੀਆਂ ਵੱਲੋਂ ਕੀਤੀ ਗੜਬੜ ਦੀ ਖ਼ਬਰ ਜੇਲ੍ਹ ਸੁਪਰਡੈਂਟ ਨੇ ਜੇਲ੍ਹਾਂ ਦੇ ਆਈ.ਜੀ. ਨੂੰ ਭੇਜ ਦਿੱਤੀ। ਖਤਰੇ ਦੀ ਘੰਟੀ ਵਜਾਉਣ ਤੇ ਮਿਸਟਰ ਬੈਨਿਟ ਦੀ ਕਮਾਨ ਹੇਠਾਂ ਪੁਲਿਸ ਮੌਕੇ ਉਤੇ ਪਹੁੰਚ ਗਈ। ਬੈਨਿਟ ਨੇ ਪਹੁੰਚਦਿਆਂ ਹੀ ਭਾਂਪ ਲਿਆ ਕਿ ਜੇਲ੍ਹਰ ਮੁਸ਼ਕਿਲਾਂ ਵਿੱਚ ਘਿਰਿਆ ਹੋਇਆ ਹੈ। ਉਸ ਸਮੇਂ ਇੱਕ ਕੰਪਾਰਟਮੈਂਟ (ਅਹਾਤੇ) ਦੇ ਕੈਦੀ ਉਸ ਦੇ ਇਰਦ-ਗਿਰਦ ਜਮ੍ਹਾਂ ਸਨ ਅਤੇ ਉੱਚੀ-ਉੱਚੀ ਬੋਲ ਰਹੇ ਸਨ।

ਦਸ ਕੁ ਮਿੰਟਾਂ ਅੰਦਰ ਮੈਨੂੰ ਵੀ ਰਿਪੋਰਟ ਪਹੁੰਚੀ। ਮੈਂ ਵੀ ਫੌਰਨ ਜੇਲ੍ਹ ਪਹੁੰਚਿਆ। ਮੇਰੇ ਪਹੁੰਚਣ 'ਤੇ ਵੀ ਰੌਲਾ ਜਾਰੀ ਰਿਹਾ। ਹਾਲਤ ਬੜੀ ਨਾਜ਼ੁਕ ਸੀ। ਮੇਰੀ ਰਾਇ ਵਿੱਚ ਐਸ.ਪੀ. ਬੈਨਿਟ ਤੇ ਪੁਲਿਸ ਦੇ ਪਹੁਚਣ ਤੋਂ ਪਹਿਲਾਂ ਇਹ ਹੋਰ ਵੀ ਖਤਰਨਾਕ ਰਹੀ ਹੋਵੇਗੀ, ਕਿਉਂਕਿ ਜੇਲ੍ਹਰ ਦੇ ਸਾਰੇ ਯਤਨ ਨਾਕਾਮ ਹੋ ਚੱਕੇ ਸਨ।

ਜੇਲ੍ਹ ਸੁਪਰਡੈਂਟ (ਪੁਰੀ) ਦੀ ਗੈਰ-ਮੌਜੂਦਗੀ ਵਿੱਚ ਮੈਨੂੰ ਤੇ ਐਸ.ਪੀ. ਬੈਨਿਟ ਨੂੰ ਮੌਕਾ ਖੁਦ ਸੰਭਾਲਣਾ ਪਿਆ। ਕੈਦੀ ਨਾ ਸਿਰਫ ਲਗਾਤਾਰ ਰੌਲਾ ਹੀ ਪਾਈ ਜਾ ਰਹੇ ਸਨ, ਬਲਕਿ ਉਨ੍ਹਾਂ ਦਾ ਵਤੀਰਾ ਵੀ ਫਸਾਦੀਆਨਾ ਸੀ। ਮਾਮਲਾ ਜੇਲ੍ਹ ਜ਼ਾਬਤੇ ਦੀ ਲਛਮਣ-ਰੇਖਾ ਪਾਰ ਕਰ ਚੁੱਕਾ ਸੀ। ਇਨ੍ਹਾਂ ਅਕਾਲੀ ਕੈਦੀਆਂ ਦਾ ਅਹਿੰਸਕ ਹੋਣ ਦੇ ਢੌਂਗ ਦੀ ਪੋਲ ਤਾਂ ਪਹਿਲਾਂ ਅੰਮ੍ਰਿਤਸਰ ਤੋਂ ਰੇਲ ਸਫਰ ਦੌਰਾਨ ਅਪਣਾਏ ਵਤੀਰੇ ਕਾਰਨ ਖੁੱਲ੍ਹ ਚੁੱਕੀ ਸੀ, ਜਿਸ ਬਾਰੇ ਸ਼ਾਇਦ ਤੁਸਾਂ (ਪੰਜਾਬ ਸਰਕਾਰ) ਨੇ ਸੁਣ ਹੀ ਰੱਖਿਆ ਹੋਵੇਗਾ। ਰਹਿੰਦੀ ਕਸਰ ਜੇਲ੍ਹ ਜ਼ਾਬਤੇ ਦੀਆਂ ਧੱਜੀਆਂ ਉਡਾਉਣ ਨੇ ਪੂਰੀ ਕਰ ਦਿੱਤੀ। ਕਿਉਂਕਿ ਬੈਨਿਟ ਤੇ ਮੈਂ ਗੋਲੀ ਨਹੀਂ ਚਲਾਉਣਾ ਚਾਹੁੰਦੇ ਸਾਂ, ਇਸ ਲਈ ਜੇਲ੍ਹ ਸਟਾਫ ਦੇ ਸਹਿਯੋਗ ਨਾਲ ਅਸੀਂ ਤੰਬੂਆਂ ਦਾ ਚੱਕਰ ਲਾਇਆ। ਕੁੱਝ ਕੁ ਸ਼ਰਾਰਤੀ ਅਨਸਰਾਂ ਦੀ ਪਹਿਚਾਣ ਕਰਕੇ ਉਨ੍ਹਾਂ ਨੂੰ ਵੱਖਰੇ ਕਰ ਲਿਆ। ਬਾਕੀ ਰਹਿੰਦਿਆਂ ਨੂੰ ਠਿਕਾਣੇ ਸਿਰ ਰੱਖਣ ਦੇ ਮਕਸਦ ਨਾਲ ਅਸੀਂ ਇੰਨੀ ਕੁ ਤਾਕਤ ਦਾ ਇਸਤੇਮਾਲ ਕੀਤਾ ਜਿੰਨੀ ਕੁ ਜ਼ਰੂਰੀ ਸੀ। ਇਨ੍ਹਾਂ ਛਾਂਟੇ ਹੋਏ ਕੈਦੀਆਂ ਨੂੰ ਜੇਲ੍ਹ ਦੇ ਵਿਚਕਾਰ ਸਾਰਿਆਂ ਸਾਹਮਣੇ ਲਿਆਂਦਾ ਗਿਆ। ਇਨ੍ਹਾਂ ਵਿੱਚੋਂ ਚਾਰ ਕੈਦੀਆਂ ਨੂੰ ਕੋੜਿਆਂ ਨਾਲ ਖੂਬ ਕੁੱਟਿਆ ਗਿਆ। (ਨੋਟਃ ਕੋੜੇ ਮਾਰਨੇ ਐਨੀ ਭਿਆਨਕ ਤਰ੍ਹਾਂ ਦੀ ਚੀਜ਼ ਹੈ ਕਿ ਭਾਰਤ ਸਰਕਾਰ ਦੇ ਆਜ਼ਾਦੀ ਸੰਗਰਾਮੀਆਂ ਵਾਲੀ ਪਨਸ਼ਨ ਲੈਣ ਲਈ ਨਿਰਧਾਰਤ ਯੋਗਤਾਵਾਂ ਵਿੱਚ (ਐਫ) ਨੰਬਰ 'ਤੇ ਕੇਵਲ ਦਸੱ ਕੋੜੇ ਜਾਂ ਭੈਂਤ ਖਾਣਾ ਪੈਨਸ਼ਨ ਹਾਸਲ ਕਰਨ ਦਾ ਪੂਰਨ ਆਧਾਰ ਮਿਥਿਆ ਗਿਆ।)

ਇਨ੍ਹਾਂ ਚਾਰਾਂ ਤੋਂ ਇਲਾਵਾ ਬਾਕੀਆਂ ਨੂੰ ਵੀ ਕੋੜੇ ਲੱਗਣੇ ਸਨ, ਪਰ ਉਦੋਂ ਨੂੰ ਹਨ੍ਹੇਰਾ ਹੋ ਚੁੱਕਾ ਸੀ ਅਤੇ ਇਸ ਵੇਲੇ ਤੱਕ ਹਰ ਪਾਸੇ ਚੁੱਪ ਜਿਹੀ ਛਾਈ ਹੋਈ ਸੀ। ਹਾਂ, ਜਿਨਾਂ ਨੂੰ ਕੋੜੇ ਮਾਰੇ ਜਾਣੇ ਸਨ, ਉਨ੍ਹਾਂ ਵਿੱਚੋਂ ਇੱਕ ਕਹਿ ਰਿਹਾ ਸੀ ਕਿ ਸਾਰੇ ਅਕਾਲੀ ਹਨ੍ਹੇਰਾ ਹੋਣ ਤੋਂ ਬਾਅਦ ਵਿਦਰੋਹ ਕਰਨਗੇ ਅਤੇ ਜੇਲ੍ਹ ਤੋੜਨਗੇ। ਭਾਵੇਂ ਉਸ ਸਮੇਂ ਪੁਲਿਸ ਦੀ ਗਿਣਤੀ ਕਾਫੀ ਸੀ, ਫਿਰ ਵੀ ਮੈਂ ਇਹਤਿਆਤ ਵੱਜੋਂ ਫੌਜੀ ਛਾਉਣੀਆਂ ਨੂੰ ਚੌਕਸ ਕਰ ਦਿੱਤਾ ਕਿ ਉਹ ਕਿਸੇ ਵੀ ਸਥਿਤੀ ਲਈ ਤਿਆਰ ਰਹਿਣ। ਕੁਲ ਮਿਲਾ ਕੇ ਹਾਲਾਤ ਕਾਬੂ ਵਿੱਚ ਹੀ ਲੱਗ ਰਹੇ ਸਨ।

ਮੈਨੂੰ ਇਸ ਗੱਲ ਦੀ ਜਾਣਕਾਰੀ ਹੈ ਕਿ ਸਰਕਾਰੀ ਖੁਫੀਆ ਹਦਾਇਤ ਅਨੁਸਾਰ ਅਕਾਲੀ ਕੈਦੀਆਂ ਨੂੰ ਕੋੜੇ ਮਾਰਨ ਦੀ ਮਨਾਹੀ ਹੈ, ਪਰ ਜੇਲ੍ਹ ਵਿੱਚ ਕੈਦੀਆਂ ਲਈ ਜ਼ਾਬਤਾ ਜ਼ਰੂਰੀ ਹੈ। ਜੇਲ੍ਹ ਸਟਾਫ ਅਤੇ ਆਮ ਲੋਕਾਂ ਦਾ ਹਿੱਤ ਵੀ ਇਸੇ ਵਿੱਚ ਹੈ। ਇਸ ਤੋਂ ਇਲਾਵਾ ਗੋਲੀਆਂ ਨਾਲੋਂ ਬੈਂਤ ਜਾਂ ਕੋੜੇ ਚੰਗੇਰਾ ਸਾਧਨ ਹਨ। ਮੈਂ ਜੇਲ੍ਹ ਸਟਾਫ ਦੀ ਪ੍ਰਸ਼ੰਸਾ ਜ਼ਰੂਰ ਕਰਾਂਗਾ। ਉਨ੍ਹਾਂ ਨੇ ਕੈਦੀਆਂ ਵੱਲੋਂ ਪੈਦਾ ਕੀਤੀ ਭੜਕਾਹਟ ਦੇ ਬਾਵਜੂਦ ਸੰਜ਼ਮ ਤੇ ਜ਼ਾਬਤੇ ਦਾ ਸਬੂਤ ਦਿੱਤਾ ਹੈ। ਮੈਂ ਹੁਣ ਤੱਕ (22.10.1922)

ਜੇਲ੍ਹ ਸੁਪਰਡੈਂਟ ਤੇ ਜੇਲ੍ਹਰ ਨਾਲ ਸੰਪਰਕ ਵਿੱਚ ਹਾਂ ਅਤੇ ਮੌਕਾ ਸੰਭਾਲਣ ਹਿੱਤ ਉਨ੍ਹਾਂ ਦੇ ਯਤਨਾਂ ਤੋਂ ਵੀ ਜਾਣੂੰ ਹਾਂ। ਬੈਨਿਟ ਤੇ ਉਸ ਦੀ ਪੁਲਿਸ ਟੁਕੜੀ ਦੀ ਵੀ ਪ੍ਰਸ਼ੰਸਾ ਕਰਨੀ ਬਣਦੀ ਹੈ ਜਿਨ੍ਹਾਂ ਨੇ ਅਜਿਹੀ ਸੰਕਟਮਈ ਸਥਿਤੀ ਨੂੰ ਢੁਕਵੇਂ ਤਰੀਕੇ ਲਾਲ ਸੰਭਾਲਿਆ। ਸ਼ਾਮੀਂ ਜਦੋਂ ਸੁਪਰਡੈਂਟ ਪੂਰੀ ਪਰਤਿਆ ਤਾਂ ਉਸ ਨੂੰ ਇਹ ਸਾਰਾ ਕੁੱਝ ਸੁਣ ਕੇ ਬਿਲਕੁਲ ਹੈਰਾਨੀ ਨਹੀਂ ਹੋਈ, ਬਲਕਿ ਉਹ ਅਜਿਹੀ ਸਥਿਤੀ ਲਈ ਪਹਿਲਾਂ ਹੀ ਤਿਆਰ ਸੀ। ਪੂਰੀ ਜ਼ਾਬਤੇ ਨੂੰ ਸਖਤੀ ਨਾਲ ਲਾਗੂ ਕਰਨ ਅਤੇ ਵਿਗੜੇ ਹੋਏ ਕੈਦੀਆਂ ਨਾਲ ਸਿੱਝਣ ਲਈ ਦ੍ਰਿੜ੍ਹ ਹੈ। ਮੈਂ ਇਹੀ ਆਸ ਕਰਦਾ ਹਾਂ ਕਿ ਉਹ ਅਣਭੋਲ ਕੈਦੀਆਂ ਨੂੰ ਜ਼ਾਬਤੇ ਅੰਦਰ ਰਹਿਣ ਲਈ ਪ੍ਰੇਰਨ ਵਿੱਚ ਕਾਮਯਾਬ ਹੋਵੇਗਾ।

ਮੇਰਾ ਸਿੱਖਾਂ ਅਤੇ ਸਿੱਖ ਕੈਦੀਆਂ ਨਾਲ ਕਾਫੀ ਵਾਹ ਪਿਆ ਹੈ ਤੇ ਮੈਂ ਇਹ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਅਕਾਲੀ ਕੈਦੀਆਂ ਦੀ ਬਹੁ-ਗਿਣਤੀ ਵਰਗਲਾਏ ਹੋਏ ਵਿਅਕਤੀਆਂ ਦੀ ਹੈ, ਪਰ ਮੈਨੂੰ ਇਸ ਵਿੱਚ ਕੋਈ ਵੀ ਸ਼ੱਕ ਨਹੀਂ ਕਿ ਇਨ੍ਹਾਂ ਵਿੱਚ ਅਪਰਾਧੀ ਅਨਸਰ ਵੀ ਮੌਜੂਦ ਹਨ। ਮੈਂ ਇਸ ਪ੍ਰਸੰਗ ਵਿੱਚ ਸਰਕਾਰ ਕੋਲ ਸਿਫਾਰਸ਼ ਕਰਾਂਗਾ ਕਿ ਇਹ ਮੋਰਚਾ ਵਾਪਸ ਲਏ ਜਾਣ 'ਤੇ ਵੀ ਸਾਰੇ ਕੈਦੀਆਂ ਨੂੰ ਅੱਖਾਂ ਮੀਟ ਕੇ ਰਿਹਾਅ ਨਾ ਕੀਤਾ ਜਾਵੇ ਤੇ ਗੈਰ-ਸਮਾਜੀ ਵਿਰਤੀ ਵਾਲਿਆਂ ਦੀ ਰਿਹਾਈ ਤੋਂ ਸੰਕੋਚ ਕੀਤਾ ਜਾਏ।

ਪੰਜਾਬ ਦੇ ਗ੍ਰਹਿ ਸਕੱਤਰ ਓ.ਡੌਨਲ ਦੀ ਟਿੱਪਣੀ (ਮਿਤੀ 30.10.1922) ...ਸੰਭਵ ਹੈ ਕਿ ਇਨ੍ਹਾਂ ਅਕਾਲੀ ਕੈਦੀਆਂ ਦੇ ਕੋੜੇ ਲੱਗਣ ਦੀ ਕਾਫੀ ਚਰਚਾ ਹੋਵੇਗੀ। ਮੇਰੇ ਖਿਆਲ ਵਿੱਚ ਡਿਪਟੀ ਕਮਿਸ਼ਨਰ ਦਾ ਅਜਿਹਾ ਹੁਕਮ ਦੇਣਾ ਠੀਕ ਹੀ ਸੀ ਨਹੀਂ ਤਾਂ ਹਾਲਾਤ ਸ਼ਾਇਦ ਕਾਬੂ ਤੋਂ ਬਾਹਰ ਹੀ ਹੋ ਜਾਂਦੇ। ਪਿਛਲੇ ਮਾਰਚ ਵਿੱਚ ਆਦੇਸ਼ ਜ਼ਾਰੀ ਕੀਤੇ ਗਏ ਸਨ ਜਿਨ੍ਹਾਂ ਦੀ ਫੇਰ ਪ੍ਰੋੜਤਾ ਵੀ ਕੀਤੀ ਗਈ ਸੀ ਕਿ ਕਿਸੇ ਸਿਆਸੀ ਕੈਦੀ ਨੂੰ ਪੰਜਾਬ ਸਰਕਾਰ ਦੀ ਆਗਿਆ ਤੋਂ ਬਗੈਰ ਕੋੜੇ ਨਾ ਲਾਏ ਜਾਣ। ਅਕਾਲੀ ਲਹਿਰ ਇੱਕ ਬਿਲਕੁਲ ਆਪਣੀ ਤਰ੍ਹਾਂ ਦੀ ਲਹਿਰ ਹੈ। ਉਂਜ ਇਸ ਦਾ ਰਾਜਸੀ ਪਹਿਲੂ ਵੀ ਹੈ ਜਿਸ ਨੂੰ ਸਿਆਸਤਦਾਨਾਂ ਨੇ ਆਪਣੇ ਹਿੱਤ ਵਿੱਚ ਵਰਤਣ ਲਈ ਉਤਸ਼ਾਹਿਤ ਕੀਤਾ ਹੈ। ਜ਼ਾਹਿਰ ਹੈ ਇਸ ਦੇ ਮਨੋਰਥ ਧਾਰਮਿਕ ਹਨ, ਸਿਆਸੀ ਨਹੀਂ। ਭਾਵੇਂ ਰਸਮੀ ਤੌਰ 'ਤੇ ਤਾਂ ਡੀ.ਸੀ. ਦੀ ਕਾਰਵਾਈ ਸਰਕਾਰੀ ਆਦੇਸ਼ਾਂ ਦੀ ਉਲੰਘਣਾ ਨਹੀਂ ਕਹੀ ਜਾ ਸਕਦੀ ਫਿਰ ਵੀ ਪੰਜਾਬ ਸਰਕਾਰ ਇਹ ਕਹਿਣ ਤੋਂ ਸੰਕੋਚ ਨਹੀਂ ਕਰੇਗੀ ਕਿ ਅੱਗੇ ਤੋਂ "ਕੋੜਿਆਂ ਦੀ ਸਜ਼ਾ ਉਸ ਦੀ ਮਨਜ਼ੂਰੀ ਤੋਂ ਬਿਨਾਂ ਨਾ ਦਿੱਤੀ ਜਾਏ।"

ਮੈਂ ਇਸ ਰਿਪੋਰਟ ਨੂੰ ਜਿਉਂ ਦੀ ਤਿਉਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਬੇਸ਼ੱਕ ਇਹ ਸਿਰਫ ਸਰਕਾਰੀ ਪੱਖ ਅਤੇ ਪੱਖਪਾਤੀ ਵਰਨਣ ਹੈ। ਫਿਰ ਵੀ ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਅੰਗਰੇਜ਼ ਹਕੂਮਤ ਸਿਆਸੀ ਕੈਦੀਆਂ ਨਾਲ ਵੀ ਨਰਮਾਈ ਨਹੀਂ ਸੀ ਵਰਤਦੀ ਅਤੇ ਕੀਰਤਨ ਤੇ ਜੈਕਾਰਿਆਂ ਵਰਗੀ ਨਿਰੋਲ ਧਾਰਮਿਕ ਕਾਰਵਾਈ ਵੀ ਬਰਦਾਸ਼ਤ ਨਹੀਂ ਸੀ ਕੀਤੀ ਜਾਂਦੀ। ਦੂਜੇ ਪਾਸੇ, ਸਰਕਾਰੀ ਹਦਾਇਤਾਂ ਦੀ ਉਲੰਘਣਾ ਕਰਨ ਵਾਲੇ ਅਧਿਕਾਰੀਆਂ ਨੂੰ 'ਮਿੱਠੀ' ਜਿਹੀ ਝਾੜ ਪਾ ਕੇ ਛੱਡ ਦਿੱਤਾ ਜਾਂਦਾ ਸੀ। ਸਥਿਤੀ ਦਾ ਅਫਸੋਸਨਾਕ ਪਹਿਲੂ ਇਹ ਹੈ ਕਿ ਆਪਣਿਆਂ ਨੂੰ ਮਿੱਠੀ ਜਿਹੀ ਝਾੜ ਪਾ ਕੇ ਮੁਆਫ਼ ਕਰਨ ਦਾ ਰੁਝਾਨ ਹੁਣ ਵੀ ਜਾਰੀ ਹੈ।

---